ਦਫ਼ਤਰ: ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ
-ਕਮ- ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ
ਐਸ.ਸੀ.ਓ. - 104-106, ਦੂਜੀ ਅਤੇ ਤੀਸਰੀ ਮੰਜ਼ਿਲ, ਸੈਕਟਰ 34 - ਏ, ਚੰਡੀਗੜ੍ਹ।

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) (ਵੈਬਸਾਇਟ ਰਾਹੀਂ)
ਸਮੂਹ ਅੰਗ੍ਰੇਜ਼ੀ ਪ੍ਰੋਜੈਕਟ ਜ਼ਿਲ੍ਹਾ ਕੋਆਰਡੀਨੇਟਰ (ਵੈਬਸਾਇਟ ਰਾਹੀਂ)
ਸਮੂਹ ਗਣਿਤ ਪ੍ਰੋਜੈਕਟ ਜ਼ਿਲ੍ਹਾ ਕੋਆਰਡੀਨੇਟਰ (ਵੈਬਸਾਇਟ ਰਾਹੀਂ)
ਸਮੂਹ ਸਕੂਲ ਮੁਖੀ (ਵੈਬਸਾਇਟ ਰਾਹੀਂ)

ਮੀਮੋ ਨੰ: ਸਸਅ/ਏ.ਐਸ.ਪੀ.ਡੀ(ਅੰਗ੍ਰੇਜ਼ੀ)/2011/ਸ ਸਅ ਵਅੰਗ ਸੈਲ/2011 ਅਨੁਲਗ-1,
ਮਿਤੀ: 15-11-2011

**ਵਿਸ਼ਾ:- ਅੰਗ੍ਰੇਜ਼ੀ ਅਤੇ ਗਣਿਤ ਵਿਸ਼ੇ ਵਿੱਚ ਵਧੀਆ ਕਾਰਗੁਜਾਰੀ ਦਿਖਾਉਣ ਵਾਲੇ ਸਕੂਲ ਨੂੰ Director's Running Trophy ਦੇਣ ਸਬੰਧੀ।**

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਇਸ ਪੱਤਰ ਰਾਹੀਂ ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮਾਣਯੋਗ ਡੀ.ਜੀ.ਐਸ.ਈ ਸਾਹਿਬ ਦੁਆਰਾ ਮਿਤੀ 21/09/2011 ਨੂੰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਦੀ ਮੀਟਿੰਗ ਵਿੱਚ ਅੰਗ੍ਰੇਜ਼ੀ ਅਤੇ ਗਣਿਤ ਵਿਸ਼ੇ ਵਿੱਚ Director's Running Trophy ਦੇਣ ਦੇ ਨਿਰਦੇਸ਼ ਦਿੱਤੇ ਗਏ ਸਨ। ਇਹ Running Trophy ਹਰ ਜ਼ਿਲ੍ਹੇ ਵਿੱਚ ਹਰ ਮਹੀਨੇ ਉਸ ਸਕੂਲ ਨੂੰ ਦਿੱਤੀ ਜਾਵੇਗੀ ਜੋ ਅੰਗ੍ਰੇਜ਼ੀ ਅਤੇ ਗਣਿਤ ਵਿਸ਼ੇ ਵਿੱਚ ਵਧੀਆ ਕਾਰਗੁਜਾਰੀ ਦਿਖਾਵੇਗਾ।

2.0 ਇਹ Running Trophy, 'Quality Improvement in English Language' ਅਤੇ 'Qualiy Improvement in Mathematics' ਪ੍ਰੋਜੈਕਟ ਅਧੀਨ ਦਿੱਤੀ ਜਾਵੇਗੀ।

3.0 ਹਰ ਜ਼ਿਲ੍ਹੇ ਵਿੱਚ 2 Trophies ਉਪਲਬਧ ਕਰਵਾਈਆਂ ਜਾਣਗੀਆਂ, ਇੱਕ ਅੰਗ੍ਰੇਜ਼ੀ ਵਿਸ਼ੇ ਲਈ ਅਤੇ ਇੱਕ ਗਣਿਤ ਵਿਸ਼ੇ ਲਈ।

4.0 Running Trophy ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਦੁਆਰਾ ਆਪਣੇ ਜ਼ਿਲ੍ਹੇ ਦੇ ਉੱਤਮ ਸਕੂਲ ਨੂੰ ਸਕੂਲ ਮੁਖੀਆਂ ਦੀ ਮਾਸਿਕ ਮੀਟਿੰਗ ਵਿੱਚ ਦਿੱਤੀ ਜਾਵੇਗੀ।

5.0 ਉੱਤਮ ਸਕੂਲ ਦੀ ਚੋਣ ਕਰਨ ਦੀ ਪ੍ਰਕ੍ਰਿਆ ਹੇਠ ਲਿਖੇ ਅਨੁਸਾਰ ਹੋਵੇਗੀ।

ੳ) ਹਰ ਜ਼ਿਲ੍ਹੇ ਵਿੱਚ Upper Primary ਸਕੂਲਾਂ ਦੀ ਗਿਣਤੀ ਅਨੁਸਾਰ, ਅੰਗ੍ਰੇਜ਼ੀ ਅਤੇ ਗਣਿਤ ਮਾਸਟਰ ਟ੍ਰੇਨਰਜ਼ (ਈ.ਐਮ.ਟੀਜ਼ ਅਤੇ ਐਮ.ਐਮ.ਟੀਜ਼) ਕੰਮ ਕਰ ਰਹੇ ਹਨ। ਹਰੇਕ ਈ.ਐਮ.ਟੀ ਅਤੇ ਐਮ.ਐਮ.ਟੀ ਨੂੰ 18 ਤੋਂ 25 ਸਕੂਲ ਅਲਾਟ ਕੀਤੇ ਗਏ ਹਨ।

ਅ) ਈ.ਐਮ.ਟੀ ਅਤੇ ਐਮ.ਐਮ.ਟੀ ਹਰ ਮਹੀਨੇ ਸਕੂਲਾਂ ਵਿੱਚ ਜਾਕੇ ਸਕੂਲਾਂ ਦੀ ਪ੍ਰਗਤੀ ਦੇਖਦੇ ਹਨ। ਇਸ ਲਈ ਹਰੇਕ ਈ.ਐਮ.ਟੀ ਅਤੇ ਐਮ.ਐਮ.ਟੀ ਆਪਣੇ ਬਲਾਕ ਦੇ ਉੱਤਮ ਸਕੂਲ ਦਾ ਨਾਮ ਅੰਗ੍ਰੇਜ਼ੀ ਪ੍ਰੋਜੈਕਟ ਜ਼ਿਲ੍ਹਾ ਕੋਆਰਡੀਨੇਟਰ ਅਤੇ ਮੈਥ ਜ਼ਿਲ੍ਹਾ ਕੋਆਰਡੀਨੇਟਰ (ਈ.ਪੀ.ਡੀ.ਸ਼ੀ ਅਤੇ ਡੀ.ਐਮ.ਸੀ) ਨੂੰ ਦੇਵੇਗਾ।

ੲ) ਈ.ਪੀ.ਡੀ.ਸੀ ਅਤੇ ਡੀ.ਐਮ.ਸੀ ਕੋਲ ਹਰ ਮਹੀਨੇ ਘੱਟੋ ਘੱਟ 30 ਸਕੂਲ ਵਿਜ਼ਿਟ ਕਰਨ ਦਾ ਟੀਚਾ ਹੈ। ਇਸ ਲਈ ਈ.ਪੀ.ਡੀ.ਸੀ ਅਤੇ ਡੀ.ਐਮ.ਸੀ, ਈ.ਐਮ.ਟੀਜ਼ ਅਤੇ ਐਮ.ਐਮ.ਟੀਜ਼ ਦੁਆਰਾ ਨਾਮਜ਼ਦ ਕੀਤੇ ਉੱਤਮ ਸਕੂਲ ਵਿਜ਼ਿਟ ਕਰਕੇ ਜ਼ਿਲ੍ਹੇ ਦੇ 5 ਵਧੀਆ ਸਕੂਲਾਂ (ਅੰਗ੍ਰੇਜ਼ੀ ਅਤੇ ਗਣਿਤ ਲਈ ਵੱਖਰੇ ਵੱਖਰੇ) ਦੀ ਚੋਣ ਕਰੇਣਗੇ। ਵਧੀਆ ਸਕੂਲਾਂ ਦੀ ਚੋਣ ਕਰਨ ਦਾ ਆਧਾਰ Evaluation Performa ਵਿੱਚ ਦਰਜ 10 ਪੁਆਂਇੰਟ ਹੋਣਗੇ।

ਸ) ਈ.ਪੀ.ਡੀ.ਸੀ ਅਤੇ ਡੀ.ਐਮ.ਸੀ ਆਪਣੇ ਜ਼ਿਲ੍ਹੇ ਦੇ 5 ਵਧੀਆ ਸਕੂਲਾਂ ਦੇ ਨਾਮ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਨੂੰ ਦੇਣਗੇ। ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਇਹ ਯਕੀਨੀ ਬਨਾਉਣਗੇ ਕਿ ਉਨ੍ਹਾਂ ਦੁਆਰਾ ਜਾਂ ਡੀ.ਐਸ.ਐਸ ਟੀਮ ਦੇ ਅੰਗ੍ਰੇਜ਼ੀ ਅਤੇ ਗਣਿਤ ਵਿਸ਼ੇ ਦੇ ਮਾਹਿਰ ਮੈਂਬਰਾਂ ਜਾਂ ਕਿਸੇ ਹੋਰ ਯੋਗ ਅਧਿਕਾਰੀ ਦੁਆਰਾ ਇਹਨਾਂ 5 ਸਕੂਲਾਂ ਨੂੰ ਵਿਜ਼ਿਟ ਕੀਤਾ ਜਾਵੇ। ਹਰ ਸਕੂਲ ਨੂੰ Evaluation Performa ਅਨੁਸਾਰ ਅੰਕ ਦਿੱਤੇ ਜਾਣਗੇ।

ਹ) ਜਿਹੜਾ ਸਕੂਲ ਸਭ ਤੋਂ ਵੱਧ ਅੰਕ ਪ੍ਰਾਪਤ ਕਰਦਾ ਹੈ ਉਸ ਨੂੰ ਉਸ ਮਹੀਨੇ ਲਈ Director's Running Trophy ਪ੍ਰਦਾਨ ਕੀਤੀ ਜਾਵੇਗੀ।

* Evaluation Performa ਨਾਲ ਨੱਥੀ ਹੈ।

ਸਟੇਟ ਪ੍ਰੋਜੈਕਟ ਡਾਇਰੈਕਟਰ
ਸਰਵ ਸਿੱਖਿਆ ਅਭਿਆਨ ਅਥਾਰਟੀ
ਪੰਜਾਬ, ਚੰਡੀਗੜ

ਉਤਾਰਾ: ਮੀਮੋ ਨੰ: ਸਸਅ/(ਅੰਗ੍ਰੇਜ਼ੀ)/

1. ਡੀ.ਐਮ.(ਐਮ.ਆਈ.ਐਸ) ਨੂੰ ਵੈਬਸਾਈਟ ਤੇ ਪਾਉਣ ਲਈ ।

ਸਟੇਟ ਪ੍ਰੋਜੈਕਟ ਡਾਇਰੈਕਟਰ
ਸਰਵ ਸਿੱਖਿਆ ਅਭਿਆਨ ਅਥਾਰਟੀ
ਪੰਜਾਬ, ਚੰਡੀਗੜ

*EVALUATION PERFORMA*

## FOR THE BEST SCHOOL OF THE MONTH FOR DIRECTOR'S RUNNING TROPHY

## for

## Quality Improvement in English Language and Development Project

| Sr No | Parameters | Maximum Marks | Marks Obtained |
|---|---|---|---|
| 1 | School discipline. | 10 | |
| 2 | School cleanliness. | 10 | |
| 3 | Participation of school in English activities either at block level/ cluster level/ district level. | 10 | |
| 4 | English Corner. | 10 | |
| 5 | Monthly result of classes 6th, 7th, 8th in English subject (for evaluating the aspect of result, criteria will be that, if 50% of the students score A grade, 10 marks will be awarded, similarly for B.C.D,E grades allocation of the marks will be 8, 6,4,2). | 10 | |
| 6 | Use of English kit and its correlation with the teacher's manual or the syllabus as defined by the State Head Quarters. | 10 | |
| 7 | Checking of Copies and Workbooks. | 10 | |
| 8 | T.L.M being used by the teachers in the class. | 10 | |
| 9 | Innovation by English/ S.St teachers. | 10 | |
| 10 | Evaluation of L.S.R.W (Listening, Speaking, Reading, Writing). Skills Any two students will be evaluated on these skills and can be given marks accordingly. | 10 | |
| | TOTAL MARKS | 100 | |